# ਧਰਮ ਪ੍ਰਚਾਰ
## ਭਾਗ–7

(ਅਧਿਆਤਮਿਕ ਪੱਖ)

ਗੁਰੂਆਂ, ਅਵਤਾਰਾਂ ਨੇ—

ਰਾਕਸ਼ੀ–ਬੁੱਧੀ ਵਾਲੇ ਇਨਸਾਨਾਂ ਨੂੰ ਚੰਗੇਰੀ ਤੇ ਉਚੇਰੀ–ਸੇਧ
ਦੇ ਕੇ, ਇਨਸਾਨੀਅਤ ਸਿਖਾਉਣ ਲਈ,

ਇਨਸਾਨਾਂ ਨੂੰ ਦੇਵਤੇ ਬਣਾਉਣ ਲਈ,
ਆਤਮਿਕ ਮੰਡਲ ਦੀ ਸੋਝੀ ਤੇ ਪ੍ਰੇਰਨਾ ਦੇਣ ਲਈ,

ਆਤਮਿਕ ਮੰਡਲ ਦੇ ਪ੍ਰਕਾਸ਼ ਅਥਵਾ 'ਸਬਦੁ' 'ਨਾਮੁ'
ਦੀ ਲਾਲਸਾ, ਭੁਖ, ਪਿਆਸ ਜਗਾਉਣ ਲਈ,

ਇਸ ਆਤਮਿਕ ਭੁਖ ਜਾਂ ਰੁਚੀ ਦੁਆਰਾ ਆਤਮਿਕ ਮੰਡਲ
ਦੀ 'ਖੋਜ' ਅਤੇ ਘਾਲਣਾ ਕਰਾਉਣ ਲਈ

ਘਾਲਣਾ ਦੁਆਰਾ, ਅੰਤ ਵਿਚ 'ਆਤਮਿਕ ਬਖਸ਼ਿਸ਼'
ਗੁਰਪ੍ਰਸਾਦਿ (*Grace*) ਦੇ 'ਪਾਤਰ' ਬਣਨ ਲਈ,

ਸਮੇਂ–ਸਮੇਂ ਸਿਰ, ਲੋੜ ਅਨੁਸਾਰ, ਭਿੰਨ–ਭਿੰਨ 'ਧਰਮ' ਰਚੇ ਸੀ। ਪਰ ਇਨਸਾਨੀ ਜੂਨ ਨੇ—

ਦਿਮਾਗੀ, ਬਾਹਰਮੁਖੀ, ਵਿਗਿਆਨਕ, ਮਾਇਕੀ ਗਿਆਨ ਦਾ ਤਾਂ ਬੇਅੰਤ ਵਾਧਾ ਕੀਤਾ ਹੈ, ਜਿਸ ਦੀਆਂ ਚਿਲਕਵੀਆਂ, ਮਨਮੋਹਣੀਆਂ ਲਿਸ਼ਕਾਂ ਦੇ ਚਮਤਕਾਰਾਂ ਨੇ, ਲੋਕਾਂ ਦੇ ਮਨ, ਇਤਨੇ ਚੁੰਧਿਆ ਦਿੱਤੇ ਹਨ, ਕਿ ਜੀਵ ਦੇ ਆਪਣੇ ਕੇਂਦਰ, 'ਰੱਬ' ਨੂੰ ਭੁਲ ਕੇ, ਅੰਨ੍ਹੇ–ਵਾਹ 'ਮਾਇਆ ਦੀ

ਛਾਇਆ' ਪਿੱਛੇ ਸਰਪਟ ਘੋੜ-ਦੌੜ ਲਗਾ ਰਹੇ ਹਨ। ਇਸ ਤਰ੍ਹਾਂ ਮਨੁੱਖ ਨੇ ਮਾਇਕੀ ਜੀਵਨ ਦੇ ਬੇਲੋੜੇ ਰੁਧੇਵੇਂ ਇਤਨੇ ਵਧਾ ਲਏ ਹਨ, ਕਿ ਇਨਸਾਨ ਨੂੰ ਉਚੇਰੇ-ਚੰਗੇਰੇ ਆਤਮਿਕ ਗਿਆਨ ਦਾ—

ਖ਼ਿਆਲ ਹੀ ਨਹੀਂ ਆਉਂਦਾ,
ਰੁਚੀ ਹੀ ਨਹੀਂ,
ਲੋੜ ਹੀ ਨਹੀਂ,
ਫ਼ੁਰਸਤ ਹੀ ਨਹੀਂ,

ਹੈਰਾਨੀ ਵਾਲੀ ਗੱਲ ਤਾਂ ਇਹ ਹੈ, ਕਿ—

ਸਦੀਆਂ ਦੇ ਲੰਬੇ ਅਰਸੇ ਵਿਚ
ਧਰਮਾਂ ਦੀ ਬਹੁਲਤਾ ਤੇ ਫਿਰਕਿਆਂ ਦੀ ਪ੍ਰਫੁਲਤਾ ਦੇ
ਇਤਨੇ ਨਵੀਨੇ ਤੇ ਸੌਖੇ ਧਰਮ ਪ੍ਰਚਾਰ ਦੇ ਸਾਧਨਾਂ ਦੇ ਬਾਵਜੂਦ

ਇਨਸਾਨ ਦੀ ਇਹ ਮਾਨਸਿਕ ਅਤੇ ਧਾਰਮਿਕ ਗਿਆਨੀ ਵਾਲੀ ਦੁਰਦਸ਼ਾ ਵਧਦੀ ਜਾ ਰਹੀ ਹੈ।

ਇਹ ਸਾਰੀ ਦੁਖਦਾਈ ਮਾਨਸਿਕ ਅਤੇ ਧਾਰਮਿਕ ਗਿਰਾਵਟ ਅਤੇ ਗਿਲਾਨੀ, ਸਪਸ਼ਟ ਤੌਰ ਤੇ ਸਾਡੇ ਮਾਨਸਿਕ ਤੇ ਧਾਰਮਿਕ ਜੀਵਨ ਦੇ ਹਰ ਪੱਖ ਤੋਂ ਪ੍ਰਤੱਖ ਜ਼ਾਹਰ ਹੋ ਰਹੀ ਹੈ।

ਇਹ ਸਰਬੱਗ ਤੇ ਸਰਬ-ਪੱਖੀ ਗਿਲਾਨੀ (*all prevailing universal corruption*) ਸਾਡੇ ਜੀਵਨ ਦੇ ਤਾਣੇ-ਪੇਟੇ ਤੇ ਰਗ-ਰੇਸ਼ੇ ਵਿਚ ਇਤਨੀ—

ਧਸ ਗਈ ਹੈ,
ਵਸ ਗਈ ਹੈ,
ਰਸ ਕਈ ਹੈ,
ਰਲ ਗਈ ਹੈ।
ਸੱਮਾ ਗਈ ਹੈ,

ਕਿ ਸਾਡੇ ਜੀਵਨ ਦਾ 'ਆਚਾਰ' ਅਤੇ 'ਆਧਾਰ' (*Character and sustenance*) ਹੀ ਬਣ ਗਿਆ ਹੈ, ਜਿਸ ਕਾਰਨ, ਧਰਮ ਇਕ —

ਵਾਧੂ ਜਿਹਾ (*superfluous*)
ਬੇ-ਲੋੜਾ (*unessential*)
ਫੋਕਾ ਜਿਹਾ (*uninspiring*)
ਵਿਖਾਵੇ ਵਾਲਾ (*showy*)
ਮੁਰਦਾ ਸਾਧਨ (*ritual*)

ਹੀ ਬਣ ਕੇ ਰਹਿ ਗਿਆ ਹੈ।

ਇਸ ਤਰ੍ਹਾਂ 'ਧਰਮ' ਨੂੰ ਅਸੀਂ ਆਪਣੇ ਜੀਵਨ ਵਿਚ ਉਚੇ-ਸੁਚੇ ਸ਼ਰਧਾ-ਭਾਵਨੀ ਵਾਲੇ ਦਰਜੇ ਤੋਂ ਲਾਹ ਕੇ, ਉਸ ਦੀ ਥਾਂ, ਤ੍ਰੈਗੁਣੀ ਮਾਇਆ ਦੇ ਭਰਮ ਭੁਲਾਵੇ ਦੀ 'ਹਉਮੈ' ਦਾ ਰਾਜ ਕਾਇਮ ਕਰ ਦਿੱਤਾ ਹੈ। (*We have degenerated religion and divinity in our thoughts & actions and installed corrupt, selfish and cruelregime of our ego, based on illusionery 'Maya', which is playing havoc with humanity in all aspects of life*)

ਆਪਣੀਆਂ ਮਾਇਕੀ ਨੀਵੀਆਂ ਰੁਚੀਆਂ ਦੀ ਰੰਗਣ ਚਾੜ੍ਹ ਕੇ, ਅਸੀਂ ਧਰਮ ਵਿਚ ਗਿਲਾਨੀ ਲੈ ਆਂਦੀ ਹੈ ਅਤੇ ਧਰਮ ਨੂੰ ਆਪਣੇ ਸੁਆਰਥ ਲਈ ਵਰਤਦੇ ਹਾਂ। ਇਸ ਤਰ੍ਹਾਂ ਆਪਣੀ 'ਹਉਮੈ' ਨੂੰ ਪੱਠੇ ਪਾ ਕੇ ਪਾਲ ਰਹੇ ਹਾਂ। (*We have modified and denigrated religion to suit our own selfish ends and to 'feed' and 'develop' our 'ego'.*)

ਧਰਮਹੀਣ, ਬੇ-ਲਗਾਮੀ, ਪਲੀ ਹੋਈ 'ਹਉਮੈ' 'ਦੀਰਘ ਰੋਗ' ਨੇ, ਚਾਰ-ਚੁਫੇਰੇ, ਅੰਦਰ-ਬਾਹਰ, ਸਾਰੀ ਦੁਨੀਆਂ ਵਿਚ, ਮੋਹ ਮਾਇਆ, ਲਬ-ਲੋਭ, ਮੈਂ-ਮੇਰੀ ਅਤੇ ਤ੍ਰਿਸ਼ਨਾ ਦੀਆਂ ਅੱਗਾਂ ਦੇ ਭਾਂਬੜ ਮਚਾ ਛੱਡੇ ਹਨ ਤੇ 'ਆਤਿਸ਼ ਦੁਨੀਆਂ' ਬਣਾ ਦਿੱਤਾ ਹੈ, ਜਿਸ ਦੇ ਨਤੀਜੇ ਵਜੋਂ ਈਰਖਾ-ਦਵੈਤ, ਵਾਦ-ਵਿਵਾਦ, ਲੁਟ-ਘਸੁਟ, ਵੈਰ-ਵਿਰੋਧ, ਲੜਾਈਆਂ-ਝਗੜੇ ਤੇ ਖ਼ੂਨ-ਖਰਾਬੇ ਦਾ ਭੜਬੂ ਮਚਿਆ ਹੋਇਆ ਹੈ ਅਤੇ ਧਰਮ ਦੇ ਨਾਉਂ ਤੇ ਅਤਿਆਚਾਰ ਤੇ ਜ਼ੁਲਮ ਹੋ ਰਹੇ ਹਨ।

ਧਾਰਮਿਕ ਰੁਚੀ ਵਾਲੀ ਨੇਕ 'ਰੂਹ' ਲਈ, ਏਹੋ ਜਿਹੇ 'ਸਾਹ-ਘੁਟਵੇਂ' ਤੇ

'ਸਹਿਮ' ਵਾਲੇ ਮਾਹੌਲ ਵਿਚ, ਜੀਣਾ, ਥੀਣਾ ਤੇ ਧਰਮ ਦੇ ਆਦੇਸ਼ ਤੇ ਚਲਣਾ, ਅਤਿ ਮੁਸ਼ਕਿਲ ਹੋ ਗਿਆ ਹੈ, ਕਿਉਂਕਿ ਉਸ ਨੂੰ ਜੀਵਨ ਦੇ ਹਰ ਪੱਖ ਵਿਚ, 'ਗਿਲਾਨੀ' (*Corruption*) ਦਾ ਹੀ ਸਾਹਮਣਾ ਤੇ ਟਾਕਰਾ ਕਰਨਾ ਪੈਂਦਾ ਹੈ।

ਗਿਲਾਨੀ ਨਾਲ ਭਰਪੂਰ ਮਾਹੌਲ (*vicious atmosphere*) ਵਿਚ, ਕੁਝ ਦੇਰ ਤਾਈਂ ਤਾਂ ਨੇਕ ਧਰਮੀ ਬੰਦੇ ਟਾਕਰਾ ਕਰਦੇ ਹਨ, ਪਰ ਸਮਾਂ ਪਾ ਕੇ ਪੰਜਾਂ ਵਿਕਾਰਾਂ, ਦੀ ਡਾਢੀ 'ਹਠੀਲੀ ਫੌਜ' ਇਨ੍ਹਾਂ ਨੂੰ—

'ਖੇਦੁ ਕਰਹਿ ਅਰੁ ਬਹੁਤੁ ਸੰਤਾਵਹਿ', 'ਨੀਤਿ ਡਸੈ ਪਟਵਾਰੀ' ਆਦਿ ਦੇ ਡਰਾਵਿਆਂ ਧਮਕੀਆਂ ਨਾਲ, ਆਪਣੇ ਵਰਗਾ ਹੀ ਬਣਾ ਲੈਂਦੀ ਹੈ।

ਦੁਖਦਾਈ ਗੱਲ ਤਾਂ ਇਹ ਹੈ, ਕਿ ਜਿਸ 'ਧਰਮ' ਅਤੇ 'ਧਰਮ-ਅਸਥਾਨਾਂ' ਵਿਚੋਂ ਸਾਨੂੰ ਸ਼ਾਂਤੀ ਤੇ ਠੰਢ ਮਿਲਣੀ ਸੀ, ਉਥੇ ਭੀ, ਅਸੀਂ ਆਪੂੰ ਲਾਈ ਹੋਈ ਅੱਗ ਦੀਆਂ ਲਾਟਾਂ ਨਾਲ ਲੈ ਗਏ। ਮਾਇਕੀ ਤ੍ਰਿਸ਼ਨਾ ਦੇ ਭਾਂਬੜ ਮਚਾ ਦਿਤੇ ਤੇ ਈਰਖਾ-ਦਵੈਤ, ਵੈਰ-ਵਿਰੋਧ ਦਾ ਅਖਾੜਾ ਬਣਾ ਕੇ ਭੜਥੂ ਪਾ ਦਿੱਤਾ ਹੈ।

ਪਰ ਹਾਏ!

ਠੰਢ ਕਿੱਥੇ ?
ਸ਼ਾਂਤੀ ਕਿੱਥੇ ?
ਸੁਖ ਕਿੱਥੇ ?
ਚੈਨ ਕਿੱਥੇ ?
ਧਰਮ ਕਿੱਥੇ ?

ਇਸ 'ਆਤਸ ਦੁਨੀਆ' ਵਿਚ ਕੋਈ ਵਿਰਲਾ ਹਰਿਆ-ਬੂਟ—ਗੁਰਮੁਖ ਪਿਆਰਾ ਹੀ ਬਚਦਾ ਹੈ, ਜਿਸ ਨੇ 'ਖੁਨਕ-ਨਾਮੁ ਖੁਦਾਇਆ', ਦਾ ਆਸਰਾ ਲਿਆ ਹੈ। ਤਦੇ ਗੁਰਬਾਣੀ ਵਿਚ—

ਮਨ ਮੇਰੇ ਗਹੁ ਹਰਿ ਨਾਮ ਕਾ ਓਲਾ ॥
ਤੁਝੈ ਨ ਲਾਗੈ ਤਾਤਾ ਝੋਲਾ ॥ (ਪੰਨਾ-179)

ਦਾ ਉਪਦੇਸ਼ ਦ੍ਰਿੜਾਇਆ ਹੈ।

ਇਸ ਭਿਆਨਕ ਅਤੇ ਦੁਖਦਾਈ ਮਾਨਸਿਕ ਅਤੇ ਧਾਰਮਿਕ ਅਧੋਗਤੀ ਦਾ ਕਾਰਨ ਧਰਮ ਨਹੀਂ ਹੋ ਸਕਦਾ, ਕਿਉਂਕਿ ਧਰਮ ਤਾਂ ਸਾਨੂੰ ਉਚੇਰੀ ਚੰਗੇਰੀ ਆਤਮਿਕ ਸੇਧ ਵੱਲ ਪ੍ਰੇਰਦਾ ਤੇ ਅਗਵਾਈ ਕਰਦਾ ਹੈ—

ਬੇਦ ਕਤੇਬ ਕਹਹੁ ਮਤ ਝੂਠੇ ਝੂਠਾ ਜੋ ਨਾ ਬਿਚਾਰੈ ॥ (ਪੰਨਾ–1350)

ਏਕੋ ਧਰਮੁ ਦ੍ਰਿੜੈ ਸਚੁ ਕੋਈ ॥ (ਪੰਨਾ–1188)

ਵੇਦਾ ਮਹਿ ਨਾਮੁ ਉਤਮੁ ਸੋ ਸੁਣਹਿ ਨਾਹੀ ਫਿਰਹਿ ਜਿਉ ਬੇਤਾਲਿਆ ॥

(ਪੰਨਾ–919)

ਬੇਦ ਪੁਰਾਨ ਸਿਮ੍ਰਿਤ ਕੇ ਮਤ ਸੁਨਿ ਨਿਮਖ ਨ ਹੀਏ ਵਸਾਵੈ ॥

(ਪੰਨਾ–632)

ਇਸ ਤੋਂ ਸਪਸ਼ਟ ਹੈ ਕਿ ਸਾਡੀ ਗਿਰਾਵਟ ਤੇ ਗਿਲਾਨੀ ਦਾ ਮੂਲ ਕਾਰਨ (*basic defect*) 'ਨਾ ਵਿਚਾਰਨਾ' ਹੈ, ਯਾ ਓਪਰਾ ਤੇ ਗਲਤ 'ਵਿਚਾਰ' ਹੈ (*superfluous or wrong interpretation*)। ਇਸ ਤਰ੍ਹਾ ਸਾਡੇ ਧਾਰਮਿਕ ਨਿਸਚੇ ਭੀ ਗ਼ਲਤ ਹੋ ਸਕਦੇ ਹਨ (*wrong conception of religion*)। ਜਿਸ ਕਾਰਨ ਅਸੀਂ ਆਤਮਿਕ ਮੰਡਲ ਤੋਂ ਆਈ ਹੋਈ ਅਨੁਭਵੀ ਬਾਣੀ ਦੇ ਅੰਤ੍ਰਵਿ ਭਾਵਨਾ ਅਤੇ ਅਸਲੀ ਉਚੇ-ਸੁਚੇ ਉਦੇਸ਼ ਨੂੰ, ਆਪਣੀਆਂ ਸਿਆਣਪਾਂ, ਦਿਮਾਗੀ ਉਕਤੀਆਂ-ਜੁਗਟੀਆਂ ਦੁਆਰਾ, ਅਲਪ ਬੁੱਧੀ ਦੇ ਪ੍ਰਾਇਣ ਕਰਕੇ, ਆਪੋ-ਆਪਣੇ ਮਨ ਦੀ ਰੰਗਣ ਚਾੜ੍ਹ ਕੇ, 'ਦਿਮਾਗੀ' ਸ਼ੁਗਲ ਹੀ ਬਣਾ ਛਡਿਆ ਹੈ ਤੇ ਏਸੇ ਓਪਰੇ ਜਿਹੇ ਬਾਹਰਮੁਖੀ ਦਿਮਾਗੀ ਗਿਆਨ ਦਾ ਹੀ ਪ੍ਰਚਾਰ ਕਰੀ ਜਾਂਦੇ ਹਾਂ। (*To discuss and propagate our superfluous religious philosophical conceptions has become an intellectual excursion and fashion)*

ਇਹ ਬਾਹਰਮੁਖੀ ਦਿਮਾਗੀ ਧਰਮ ਪ੍ਰਚਾਰ—

ਤ੍ਰੈਗੁਣੀ ਮਾਇਕੀ ਮੰਡਲ ਦੇ
'ਹਉਮੈ' ਦੇ ਦਾਇਰੇ ਅੰਦਰ,
ਦੂਜੇ ਭਾਓ ਵਿਚ,
ਮਾਇਕੀ ਭ੍ਰਮ-ਭੁਲਾਵੇ ਦੇ ਹਨੇਰ ਵਿਚ,
ਮਨੋਕਲਪਤ ਧਾਰਮਿਕ ਨਿਸਚਿਆਂ,

ਦੇ ਆਧਾਰ ਤੇ ਹੋ ਰਿਹਾ ਹੈ ਤੇ ਇਸ ਦਾ ਅਸਰ ਭੀ ਸਾਡੀ ਬੁੱਧੀ ਦੇ ਦਾਇਰੇ

ਤਾਈਂ ਹੀ ਸੀਮਤ ਹੈ, ਜਿਸ ਕਾਰਨ ਸਾਡੇ ਜੀਵਨ ਵਿਚ ਕੋਈ ਤਬਦੀਲੀ ਨਹੀਂ ਆ ਰਹੀ। ਇਹ ਮਨੋਕਲਪਤ ਨਿਸਚੇ ਭੀ, ਸਮੇਂ ਸਮੇਂ ਸਿਰ ਦਿਮਾਗੀ ਰੁਚੀ ਤੇ ਮਾਇਕੀ ਸੁਆਰਥ ਅਨੁਸਾਰ, ਬਦਲਦੇ ਰਹਿੰਦੇ ਹਨ।

ਹਉ ਪੰਡਿਤੁ ਹਉ ਚਤੁਰੁ ਸਿਆਣਾ ॥
ਕਰਣੈਹਾਰੁ ਨ ਬੁਝੈ ਬਿਗਾਨਾ ॥ (ਪੰਨਾ–178)

ਹਮ ਬਡ ਕਬਿ ਕੁਲੀਨ ਹਮ ਪੰਡਿਤ ਹਮ ਜੋਗੀ ਸੰਨਿਆਸੀ ॥
ਗਿਆਨੀ ਗੁਨੀ ਸੂਰ ਹਮ ਦਾਤੇ ਇਹ ਬੁਧਿ ਕਬਹਿ ਨ ਨਾਸੀ ॥
(ਪੰਨਾ–974)

ਹਉ ਵਿਚਿ ਸਚਿਆਰੁ ਕੂੜਿਆਰੁ ॥
ਹਉ ਵਿਚਿ ਪਾਪ ਪੁੰਨ ਵੀਚਾਰੁ ॥ (ਪੰਨਾ–466)

ਇਸ ਤਰ੍ਹਾਂ ਆਤਮਿਕ ਮੰਡਲ ਦੀ 'ਰੌਸ਼ਨੀ' ਵਿਚੋਂ ਆਈ ਹੋਈ ਅਨੁਭਵੀ ਗੁਰਬਾਣੀ ਦੇ—

ਆਸ਼ੇ
ਆਦੇਸ਼
ਜੀਵਨ–ਸੇਧ
ਅਗਵਾਈ
ਆਤਮਿਕ ਗਿਆਨ
ਆਤਮਿਕ ਪ੍ਰਕਾਸ਼
ਆਤਮਿਕ ਪ੍ਰੇਮ–ਪਿਆਰ
ਮਹਾਂ–ਰਸ
ਸ਼ਬਦ
ਨਾਮ

ਤੋਂ ਅਸੀਂ ਦੁਰੇਡੇ ਤੇ ਵਾਂਝੇ ਜਾ ਰਹੇ ਹਾਂ।

ਸੜਿਆ–ਸੁਕਿਆ, ਵੀਰਾਨ 'ਮਾਰੂਥਲ' (*desert*) ਮੀਲਾਂ ਵਿਚ ਫੈਲਿਆਂ ਹੁੰਦਾ ਹੈ। ਇਸ ਵਿਚ ਕਿਤੇ ਕਿਤੇ ਪਾਣੀ ਦਾ 'ਸੋਮਾ' ਫੁਟਿਆ ਹੁੰਦਾ ਹੈ। ਜਿਸ ਦੇ ਉਦਾਲੇ ਹਰਿਆਵਲ ਦਾ ਨਿੱਕਾ ਜਿਹਾ 'ਟਾਪੂ' ਬਣ ਜਾਂਦਾ ਹੈ ਤੇ ਇਸ ਵਿਚ

'ਜੀਵਨ ਲਹਿਰ' ਪ੍ਰਤੀਤ ਹੁੰਦੀ ਹੈ। ਇਨ੍ਹਾਂ 'ਹਰਿਆਂ ਟਾਪੂਆਂ' ਨੂੰ ਅੰਗਰੇਜ਼ੀ ਵਿਚ (*Oasis*) ਕਿਹਾ ਜਾਂਦਾ ਹੈ। ਮਾਰੂਥਲ ਦੇ ਰਾਹੀਆਂ ਲਈ, ਇਹ ਹਰੇ ਟਾਪੂ 'ਜੀਵਨ ਆਧਾਰ' ਹਨ।

ਐਨ ਏਸੇ ਤਰ੍ਹਾਂ ਸਾਡਾ ਤ੍ਰੈਗੁਣੀ-ਮਾਇਕੀ 'ਮਾਨਸਿਕ ਜੀਵਨ' ਹੈ, ਜੋ ਕਿ ਮੋਹ-ਮਾਇਆ ਦੀ 'ਅੱਗ' ਨਾਲ, ਸੜਿਆ-ਸੁਕਿਆ, ਵੀਰਾਨ ਮਾਰੂਥਲ ਵਾਂਗ ਬਣ ਜਾਂਦਾ ਹੈ—

ਗੂਝੀ ਭਾਹਿ ਜਲੈ ਸੰਸਾਰਾ ਭਗਤ ਨ ਬਿਆਪੈ ਮਾਇਆ ॥

(ਪੰਨਾ-673)

ਆਤਸ ਦੁਨੀਆ ਖੁਨਕ ਨਾਮੁ ਖੁਦਾਇਆ ॥ (ਪੰਨਾ-1291)

ਇਸ ਆਪ-ਬਣਾਏ ਮਾਨਸਿਕ 'ਅਗਨ-ਸੋਕ ਸਾਗਰ' ਵਿਚ 'ਜੀਵ' ਤ੍ਰਾਹ-ਤ੍ਰਾਹ ਕਰਦਾ ਹੋਇਆ ਦੁਖਦਾਈ ਜੀਵਨ ਬਤੀਤ ਕਰ ਰਿਹਾ ਹੈ। ਬਹੁਤੀ ਖਲਕਤ ਇਸੇ 'ਅਗਨ ਸੋ ਸਾਗਰ' ਵਿਚ ਹੀ ਢੀਠ (*immune*) ਹੋ ਕੇ ਮਸਤ ਹੋਈ ਪਈ ਹੈ। ਪਰ ਕਈ ਰੂਹਾਂ ਇਸ ਤੋਂ ਬਚਣ ਲਈ ਧਰਮ ਦਾ ਆਸਰਾ ਲੈਂਦੀਆਂ ਹਨ, ਜਿਥੋਂ ਉਨ੍ਹਾਂ ਨੂੰ ਮਾੜਾ-ਮੋਟਾ ਓਪਰਾ ਜਿਹਾ ਦਿਲਾਸਾ ਮਿਲ ਜਾਂਦਾ ਹੈ।

ਪਰ ਕਈ ਟਾਵੀਆਂ ਟਾਵੀਆਂ ਰੂਹਾਂ ਦੀ, ਮਾਇਕੀ ਮੰਡਲਦੇ ਅਖੌਤੀ ਯਾ ਕਰਮ-ਕਾਂਢੀ 'ਧਰਮਾਂ' ਨਾਲ ਤਸੱਲੀ ਨਹੀਂ ਹੁੰਦੀ ਤੇ ਉਹ ਕੋਈ ਉਚੇਰੇ, ਸੁਚੇਰੇ ਆਤਮਿਕ 'ਹੁਲਾਰੇ' ਵਾਲੀ ਠੰਢ, ਜਾਂ ਆਤਮ-ਰਸ ਦੀ, ਖੋਜ ਵਿਚ ਲਗੇ ਰਹਿੰਦੇ ਹਨ। ਐਸੀਆਂ ਵਿਰਲੀਆਂ ਪਿਆਸੀਆਂ ਰੂਹਾਂ ਦੀ ਸੱਚੀ-ਸੁੱਚੀ ਤੀਬਰ ਆਤਮਿਕ 'ਭੁੱਖ' ਜਾਂ ਕਾਂਖੀ ਉਤੇ ਰੀਝ ਕੇ, ਸਤਿਗੁਰੂ ਉਨ੍ਹਾਂ ਤੇ ਮੇਹਰ ਕਰਦੇ ਹਨ ਤੇ ਕਿਸੇ ਆਤਮਿਕ ਹਰੇ ਟਾਪੂ ਅਥਵਾ ਸਾਧ ਸੰਗਤ (*Divine Oasis*) ਦੀ ਸੋਝੀ ਯਾ ਮੇਲ ਬਖਸ਼ਦੇ ਹਨ।

ਮਹਾ ਉਦਿਆਨ ਅਟਵੀ ਤੇ ਕਾਢੇ ਮਾਰਗੁ ਸੰਤ ਕਹਿਓ ॥

(ਪੰਨਾ-1228)

ਮਾਰਗ ਪਾਏ ਉਦਿਆਨ ਮਹਿ ਗੁਰਿ ਦਸੇ ਭੇਤ॥ (ਪੰਨਾ-810)

ਕਿਰਪਾ ਕਰੇ ਜਿਸੁ ਪਾਰਬ੍ਰਹਮ ਹੋਵੈ ਸਾਧੂ ਸੰਗਿ ॥

ਜਿਉ ਜਿਉ ਓਹੁ ਵਧਾਈਐ ਤਿਉ ਤਿਉ ਹਰਿ ਸਿਉ ਰੰਗੁ ॥

(ਪੰਨਾ-71)

ਇਹ ਹਰਿਆ-ਟਾਪੂ ਕੋਈ ਦਿਸਣਹਾਰ ਜਗ੍ਹਾ ਨਹੀਂ। ਇਹ ਤਾਂ ਬਖਸ਼ੇ ਹੋਏ, ਗੁਰਮੁਖ ਪਿਆਰੇ, ਮਹਾਂ-ਪੁਰਖਾਂ ਦੇ ਅੰਤਰਆਤਮੇ ਹਿਰਦੇ ਅੰਦਰ—

ਪ੍ਰੇਮ ਭਾਵਨਾ

ਪ੍ਰਿਮ-ਰਸ

ਪ੍ਰਿਮ-ਪਿਆਲਾ

ਆਤਮਿਕ-ਪ੍ਰਕਾਸ਼

ਪ੍ਰੇਮ-ਰੰਗ

ਆਤਮਿਕ -ਖੇੜਾ

ਇਲਾਹੀ-ਮਹਿਕ

ਆਤਮਿਕ ਸ਼ਾਂਤੀ

ਪਿਆਰ 'ਛੋਹ'

ਪਿਆਰ 'ਟੁੰਬਣੀ'

ਰੁਣ ਝੁਣ

'ਜੀਵਨ ਰੌਂ'

ਸ਼ਬਦ

ਨਾਮ

ਪ੍ਰੇਮ-ਸ੍ਵੈਪਨਾ

ਦੇ ਰੂਪ ਵਿਚ ਸਫੁਟਤ ਹੋ ਕੇ ਪ੍ਰਕਾਸ਼ਤ ਹੁੰਦੇ ਹਨ।

ਇਸ ਤਰ੍ਹਾਂ ਇਹ ਗੁਰਮੁਖ ਜਨ, ਤੁਰਦੇ-ਫਿਰਦੇ 'ਹਰਿਆ' ਬੂਟੁ (*mobile oasis*) ਇਸ ਕਲਜੁਗੀ "ਗੂਝੀ ਭਾਹਿ ਜਲੇ ਸੰਸਾਰਾ"ਦੇ ਅੰਦਰ, 'ਆਤਮਿਕ ਹਰਿਆ ਟਾਪੂ' ਬਣ ਕੇ ਵਿਚਰਦੇ ਹਨ, ਅਤੇ ਜਿੱਥੇ ਜਾਂਦੇ ਹਨ, ਫੁੱਲਾਂ ਦੀ ਤਰ੍ਹਾਂ, ਆਪਣੇ ਆਤਮਿਕ ਜੀਵਨ ਦੀ ਮਹਿਕ (*aura*) ਦੁਆਰਾ—

ਖੁਸ਼ਬੋ

ਰਸ

ਰੰਗ

ਸ਼ਾਂਤੀ

ਪ੍ਰੀਤ

ਪ੍ਰੇਮ

ਚਾਓ

ਖੁਸ਼ੀ

ਮਸਤੀ

ਦੀ 'ਛੋਹ' (*infection*) ਅਛੋਪ ਹੀ ਲਾ ਦਿੰਦੇ ਹਨ।

"ਲਗੀ ਲਾਗਿ ਸੰਤ ਸੰਗਾਰਾ ॥" (ਪੰਨਾ-1081)

ਇਸ ਤਰ੍ਹਾਂ ਉਤਮ-ਜਗਿਆਸੂਆਂ ਦੇ ਮਾਇਕੀ ਜੀਵਨ ਨੂੰ, ਸਿਮਰਨ ਜੀਵਨ ਵਿਚ ਬਦਲ ਕੇ, ਉਨ੍ਹਾਂ ਦੇ 'ਅੰਤਰ-ਆਤਮੇ', 'ਆਤਮਿਕ-ਜੀਵਨ' ਦੀ ਕਾਂਖੀ, ਭੁੱਖ, ਪਿਆਸ ਲਗ ਜਾਂਦੀ ਹੈ।

ਇਸ ਤਰ੍ਹਾਂ ਇਹ ਬਖਸ਼ੇ ਹੋਏ ਗੁਰਮੁਖ ਪਿਆਰੇ, ਆਤਮਿਕ ਮੰਡਲ ਦੇ ਅਨੁਭਵੀ-ਧਰਮ ਦੇ ਸੱਚੇ-ਸੁੱਚੇ 'ਇਲਾਹੀ ਪ੍ਰਚਾਰਕ' ਹੁੰਦੇ ਹਨ। ਇਨ੍ਹਾਂ ਦੇ 'ਧਰਮ-ਪ੍ਰਚਾਰ' ਦਾ ਜ਼ਰੀਆ, ਕਿਸੇ ਬਾਹਰਲੇ ਦਿਮਾਗੀ ਗਿਆਨ ਤੇ ਅਧਾਰਤ ਨਹੀਂ ਹੁੰਦਾ, ਬਲਕਿ ਫੁੱਲ ਦੀ ਖੁਸ਼ਬੂ ਵਾਂਗ, ਉਨ੍ਹਾਂ ਦੇ ਅੰਤਰ ਆਤਮੇ ਆਤਮਿਕ ਪ੍ਰਕਾਸ਼ ਦੀਆਂ ਤੀਖਣ ਕਿਰਨਾਂ ਗੁਰੂ ਦੀ ਨਦਰ-ਕਰਮ ਦੁਆਰਾ, 'ਕਮਾਇ ਹੋਏ ਗੁਰਮੁਖਿ ਜੀਵਨ' ਵਿਚੋਂ ਸੁਤੇ ਸਿਧ ਹੀ ਸਫੁਟਤ ਹੁੰਦੀਆਂ ਹਨ।

ਇਸ ਤਰ੍ਹਾਂ ਇਹ ਗੁਰਮੁਖ ਜਨ, "ਆਪ ਜਪਹੁ ਅਵਰਹ ਨਾਮੁ ਜਪਾਵਹੁ", ਵਾਲੇ ਉਪਦੇਸ਼ ਨੂੰ, ਚੁਪ-ਚੁਪੀਤੇ, ਅਨਜਾਣੇ, ਸਹਿਜ-ਸੁਭਾਇ ਹੀ ਕਮਾ ਰਹੇ ਹੁੰਦੇ ਹਨ। ਇਨ੍ਹਾਂ ਵਿਚ ਹਉਂ-ਧਾਰੀ, ਦਿਮਾਗੀ ਪ੍ਰਚਾਰਕਾਂ ਵਾਂਗ, ਹਉਮੈ, ਲੇਸ ਮਾਤਰ ਭੀ ਨਹੀਂ ਹੁੰਦੀ।

ਤਦੇ ਗੁਰਬਾਣੀ ਵਿਚ ਇਨ੍ਹਾਂ ਗੁਰਮੁਖ ਪਿਆਰਿਆਂ, ਮਹਾਂ-ਪੁਰਖਾਂ ਦੀ

ਹਿਤਨੀ ਵਡਿਆਈ ਕੀਤੀ ਗਈ ਹੈ ਅਤੇ ਇਨ੍ਹਾਂ ਪਿਆਰਿਆਂ ਦੀ ਮਹਿਮਾ ਵਿਚ ਹੀ ਫੁਰਮਾਇਆ ਹੈ—

ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ
ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥ (ਪੰਨਾ-306)

ਅਤੇ ਨਾਲ ਹੀ ਜੋਦੜੀ ਕਰਨੀ ਸਿਖਾਈ ਹੈ—

ਆਇ ਮਿਲੁ ਗੁਰਸਿਖ ਆਇ ਮਿਲੁ ਤੂ ਮੇਰੇ ਗੁਰੂ ਕੇ ਪਿਆਰੇ ॥
(ਪੰਨਾ-725)

ਸੇਈ ਪਿਆਰੇ ਮੇਲ ਜਿਨ੍ਹਾ ਮਿਲਿਆ ਤੇਰਾ ਨਾਮ ਚਿਤ ਆਵੇ ॥
(ਅਰਦਾਸ)

ਕੋਈ ਆਵੈ ਸੰਤੋ ਹਰਿ ਕਾ ਜਨੁ ਸੰਤੋ
ਮੇਰਾ ਪ੍ਰੀਤਮ ਜਨੁ ਸੰਤੋ ਮੋਹਿ ਮਾਰਗੁ ਦਿਖਲਾਵੈ ॥
ਤਿਸੁ ਜਨ ਕੇ ਹਉ ਮਲਿ ਮਲਿ ਧੋਵਾ ਪਾਉ ॥ (ਪੰਨਾ-1201)
ਹੋਹੁ ਕ੍ਰਿਪਾਲ ਸੁਆਮੀ ਮੇਰੇ ਸੰਤਾ ਸੰਗਿ ਵਿਹਾਵੇ ॥ (ਪੰਨਾ-961)
ਗੁਰਮੁਖਿ ਕੋਟਿ ਉਧਾਰਦਾ ਭਾਈ ਦੇ ਨਾਵੈ ਏਕ ਕਣੀ ॥
(ਪੰਨਾ-608)

ਇਹ 'ਇਲਾਹੀ ਧਰਮ-ਪ੍ਰਚਾਰ'—

ਇਲਾਹੀ ਰਜ਼ਾ ਵਿਚ
'ਨਾਲ ਲਿਖੇ ਹੁਕਮੁ' ਅਨੁਸਾਰ
ਆਪ-ਮੁਹਾਰੇ
ਚੁਪ-ਚੁਪੀਤੇ
ਅਛੋਪ
ਸਦੀਵੀ

ਹੋ ਰਿਹਾ ਹੈ—

ਇਸ ਵਿਚ ਇਨਸਾਨ ਦੇ ਦਿਮਾਗੀ ਗਿਆਨ, ਸਿਆਣਪ, ਉਕਤੀਆਂ-

ਜੁਗਤੀਆਂ ਫਿਲਾਸਫੀਆਂ ਅਤੇ 'ਹਉਮੈ' ਦੀ ਕੋਈ ਅੰਸ਼ ਨਹੀਂ ਹੁੰਦੀ।

ਇਨ੍ਹਾਂ ਗੁਰਮੁਖ ਪਿਆਰਿਆਂ ਦੀਆਂ ਆਤਮਾਵਾਂ ਦੇ ਪਿਛੇ, ਸਤਿਗੁਰੂ ਦੀ ਰਜ਼ਾ, ਮਿਹਰ, ਬਖਸ਼ਿਸ਼, ਗੁਰ ਪ੍ਰਸਾਦਿ ਦਾ ਪ੍ਰਕਾਸ਼ ਤੇ ਸ਼ਕਤੀ ਕੰਮ ਕਰਦੀ ਹੁੰਦੀ ਹੈ। ਜਦ ਕਦੀ ਸਤਿਗੁਰੂ ਦੀ ਕਿਸੇ ਅਭਿਲਾਖੀ ਜਗਿਆਸੂ ਉਤੇ ਨਦਰ-ਕਰਮ ਹੁੰਦੀ ਹੈ, ਤਾਂ ਆਪਣੇ ਬਖਸ਼ੇ ਹੋਏ ਗੁਰਮੁਖ ਪਿਆਰਿਆਂ ਦੇ ਵਿਚ ਦੀ—

ਛੋਹ

ਬਚਨਾਂ

ਨਦਰ-ਕਟਾਖ

ਇਲਾਹੀ ਕਿਰਨਾਂ

ਪ੍ਰੇਮ-ਤੀਰ

ਅਛੋਪ ਹੀ ਧੱਸ, ਵੱਸ, ਰੱਸ ਜਾਂਦੇ ਹਨ ਤੇ ਉਹ ਬਖਸ਼ਿਆ ਹੋਇਆ ਜੀਵ, ਆਤਮ-ਮੰਡਲ ਦੇ ਇਲਾਹੀ ਲਿਸ਼ਕਾਰੇ ਦੇ ਅਸਰ ਹੇਠ, ਆਪ ਮੁਹਾਰੇ ਕਹਿ ਉਠਦਾ ਹੈ—

ਖੂਬੁ ਖੂਬੁ ਖੂਬੁ ਖੂਬੁ ਤੇਰੋ ਨਾਮੁ ॥
ਝੂਠੁ ਝੂਠੁ ਝੂਠੁ ਝੂਠੁ ਦੁਨੀ ਗੁਮਾਨੁ ॥ (ਪੰਨਾ-1137)

ਅਨਹਦ ਧੁਨੀ ਮੇਰਾ ਮਨੁ ਮੋਹਿਓ ਅਚਰਜ ਤਾ ਕੇ ਸ੍ਵਾਦ ॥
(ਪੰਨਾ-1226)

ਵਾਹੁ ਵਾਹੁ ਕਿਆ ਖੂਬੁ ਗਾਵਤਾ ਹੈ ॥
ਹਰਿ ਕਾ ਨਾਮੁ ਮੇਰੈ ਮਨਿ ਭਾਵਤਾ ਹੈ ॥ (ਪੰਨਾ-478)

ਸੁਨਹੁ ਲੋਕਾ ਮੈ ਪ੍ਰੇਮ ਰਸੁ ਪਾਇਆ ॥
ਤੇਰਾ ਜਨੁ ਰਾਮ ਰਸਾਇਣਿ ਮਾਤਾ ॥
ਪ੍ਰੇਮ ਰਸਾ ਨਿਧਿ ਜਾ ਕਉ ਉਪਜੀ ਛੋਡਿ ਨ ਕਤਹੂ ਜਾਤਾ ॥
(ਪੰਨਾ-532)

ਅਚਰਜੁ ਕਿਛੁ ਕਹਣੁ ਨ ਜਾਈ ॥ ਬਸਤੁ ਅਗੋਚਰ ਭਾਈ ॥1 ॥ ਰਹਾਉ ॥
ਮੋਲੁ ਨਾਹੀ ਕਛੁ ਕਰਣੈ ਜੋਗਾ ਕਿਆ ਕੋ ਕਹੈ ਸੁਣਾਵੈ ॥

ਕਥਨ ਕਹਣ ਕਉ ਸੋਝੀ ਨਾਹੀ ਜੋ ਪੇਖੈ ਤਿਸੁ ਬਣਿ ਆਵੈ ॥2 ॥

(ਪੰਨਾ–883)

ਇਸ ਤਰ੍ਹਾਂ ਜਗਿਆਸੂ, 'ਮਾਇਕੀ ਮੰਡਲ' ਵਿਚੋਂ ਨਿਕਲ ਕੇ, 'ਆਤਮ-ਮੰਡਲ', 'ਨਾਮ ਪ੍ਰਕਾਸ਼', 'ਪ੍ਰੇਮ-ਸਵੈਪਨਾ', 'ਬੇਗਮ ਪੁਰਾ' ਵਿਚ ਪ੍ਰਵੇਸ਼ ਕਰ ਜਾਂਦਾ ਹੈ।

ਸਾਡੇ ਖਿਆਲਾਂ ਵਿਚ ਸ਼ਕਤੀ ਹੈ। ਕਮਾਏ ਹੋਏ ਖਿਆਲ, ਅਤਿਅੰਤ ਸ਼ਕਤੀਮਾਨ ਹੋ ਜਾਂਦੇ ਹਨ। ਇਸ ਤਰ੍ਹਾਂ ਨਾਮ-ਅਭਿਆਸ, ਕਮਾਈ ਵਾਲੇ, ਬਖਸ਼ੇ ਹੋਏ ਗੁਰਮੁਖ ਪਿਆਰੇ ਦੇ ਖ਼ਿਆਲਾਂ ਦੇ ਪਿਛੇ ਬੇਅੰਤ ਇਲਾਹੀ ਸ਼ਕਤੀ ਹੁੰਦੀ ਹੈ। ਉਨ੍ਹਾਂ ਦੀ ਨਿਹਾਲ ਕਰਨ ਵਾਲੀ ਤੱਕਣੀ ਬਾਰੇ ਭਾਈ ਗੁਰਦਾਸ ਜੀ ਲਿਖਦੇ ਹਨ —

ਅੰਮ੍ਰਿਤ ਨਦਰਿ ਨਿਹਾਲਿਓਨ ਹੋਇ ਨਿਹਾਲੁ ਨ ਹੋਰ ਸੁ ਮੰਗੀ ।
ਦਿਬ ਦੇਹ ਦਿਬ ਦਿਸਟਿ ਹੋਇ ਪੂਰਨ ਬ੍ਰਹਮ ਜੋਤਿ ਅੰਗ ਅੰਗੀ ।

(ਵਾ. ਭਾ. ਗੁ. 6/9)

ਉਨ੍ਹਾਂ ਦੀ ਆਤਮਿਕ ਸ਼ਕਤੀ ਵਾਲੀ —

ਤੱਕਣੀ
ਬੋਲ
ਛੋਹ
ਖ਼ਿਆਲ
ਨਿਸਚੈ
ਜੀਵਨ ਕਿਰਨਾਂ

ਰਾਹੀਂ, ਉਤਮ ਜਗਿਆਸੂ ਦੀ ਰੂਹ ਨੂੰ, ਪ੍ਰੇਰਨਾ, ਅਗਵਾਈ, ਸਹਾਇਤਾ ਮਿਲਦੀ ਰਹਿੰਦੀ ਹੈ, ਸਹਿਜ ਸੁਭਾਇ ਉਨ੍ਹਾਂ ਦਾ ਜੀਵਨ, ਬਦਲ ਜਾਂਦਾ ਹੈ ਤੇ ਉਹ ਆਤਮਿਕ ਸੇਧ ਵਲ 'ਖਿਚੀਂਦਾ' ਜਾਂਦਾ ਹੈ।

ਆਤਮਿਕ ਮੰਡਲ ਦੇ ਦਰਜੇ ਤੇ, ਉਤਮ ਜਗਿਆਸੂਆਂ ਅਤੇ ਗੁਰਮੁਖ ਪਿਆਰਿਆਂ ਦੇ 'ਮੇਲ', ਸੰਗਤ ਦੁਆਰਾ, ਇਨ੍ਹਾਂ ਦੇ ਵਿਚਕਾਰ 'ਲੇਵਾ-ਦੇਵੀ', , 'ਵਿਵਹਾਰ', 'ਵਣਜ' ਵਪਾਰ —

ਸਹਿਜ ਸੁਭਾਇ

ਅਨਜਾਣੇ ਹੀ
ਚੁਪ-ਚੁਪੀਤੇ
ਅਦਿਖ
ਅਣਸੁਣੇ
ਅਭੋਲ
ਬਿਨ-ਬੋਲੇ
ਸੌਦੇ-ਬਾਜ਼ੀ ਤੋਂ ਬਗੈਰ

ਅਛੋਪ ਹੀ ਹੁੰਦੇ ਰਹਿੰਦੇ ਹਨ।

ਕਿਸੇ ਵਿਦਵਾਨ ਨੇ ਅੰਗਰੇਜ਼ੀ ਵਿਚ ਇਸ ਵਿਸ਼ੇ ਤੇ ਇਉਂ ਦਰਸਾਇਆ ਹੈ—

*The personal contact or company is the easiest and quickest way of conveying thoughts and influencing others. The affect of such influence of thoughts is dependent on the intensity and conviction of one's feelings on teh one side, and the receptibility of the other mind.*

*Hence persons of developed minds with deep conviction and strong faith, can influence and infect weaker minds, with their thoughts. Where vocal exhortations or intellectual propaganda, fail to have any sustaining mark on the minds of the audience, the very presence of a dynamic personality can silenty inspire and transform the lives of individuals, with his penetrating spiritual rays and vibrations which constantly emanate from his dynamic Spiritual Personality.*

*The same principle applies to the intuitional writings of Englishtened Souls, which are ever fresh, orginali and soul stirring.*

*If cultivated powerfull mind can affect the ordinary mind so deeply on the mental and emotional plane, the Enlightened Divine Souls can also inspire, awaken and ignite the aspiring souls and*

*under them into the subtle intuitional plane of Divine Realm. If the Laser rays or radio-active rays can penetrate thrugh thick metals, and the destructive flash of 'lightening' can do so much havco on the physical plane, the dynamic spiritual subtle rays of Divine Vibrations-emanating from the Dynamic Personality of a 'God-man'-can also pierce the thick clouds of materialistic ideas and conceptions, and touch the Divine frings of the soul of the aspirant, and usher him into the Divine Realm.*

*Thus the silent rays of Divinity can transform the life of an aspiring God-man, having been born into the Divine Realm.*

*This is the direct way of 'introduction' of soul intothe Divine Realm of Grace and light. The most difficult part of it, is that of finding and recognising a Truly Enlghtened Spiritual Soul or God-man.*

ਇਸ ਦਾ ਪੰਜਾਬੀ ਵਿਚ ਉਲੱਥਾ ਇਸ ਤਰ੍ਹਾਂ ਕੀਤਾ ਜਾ ਸਕਦਾ ਹੈ—

ਗੁਰਮੁਖ ਪਿਆਰੇ ਦਾ 'ਮੇਲ' ਹੀ ਖਿਆਲਾਂ ਦੇ ਵਟਾਂਦਰੇ ਜਾਂ ਪ੍ਰਚਾਰ ਦਾ ਸੌਖਾ ਤੇ ਅਸਰਦਾਇਕ ਸਾਧਨ ਹੈ। ਇਕ ਦੂਜੇ ਦੇ ਮਨਾਂ ਤੇ ਖਿਆਲਾਂ ਦੇ ਪ੍ਰਭਾਵ ਪਾਉਣ ਲਈ, ਇਕ ਪਾਸੇ ਖਿਆਲਾਂ ਦੀ ਦ੍ਰਿੜ੍ਹਤਾ ਤੇ ਸ਼ਰਧਾ ਭਾਵਨੀ ਦੀ ਤੀਬਰਤਾ ਤੇ ਦੂਜੇ ਪਾਸੇ 'ਗ੍ਰਹਿਣ' ਕਰਨ ਦੀ ਸ਼ਕਤੀ, ਲੋੜੀਂਦੀ ਹੈ।

ਦ੍ਰਿੜ੍ਹ ਵਿਸ਼ਵਾਸ ਤੇ ਡੂੰਘੀ ਸ਼ਰਧਾ ਭਾਵਨੀ ਵਾਲੇ 'ਮਨਾਂ' ਦੇ ਪ੍ਰਭਾਵ ਨਾਲ ਸਾਧਾਰਨ ਮਨਾਂ ਉਤੇ ਸਹਿਜੇ ਹੀ ਅਸਰ ਪੈਂਦਾ ਹੈ।

ਜਿਥੇ ਜ਼ੁਬਾਨੀ ਦਿਮਾਗੀ ਪ੍ਰਚਾਰ ਦਾ ਅਸਰ ਥੋੜ੍ਹੇ ਚਿਰ ਲਈ, ਓਪਰਾ ਜਿਹਾ ਹੁੰਦਾ ਹੈ, ਉਥੇ ਆਤਮਿਕ ਜੀਵਨ ਵਾਲੇ ਮਹਾਂ-ਪੁਰਖਾਂ ਦੇ ਜੀਵਨ ਵਿਚੋਂ ਉਪਜੀਆਂ ਤੀਖਣ ਆਤਮਿਕ ਕਿਰਨਾਂ, ਉਤਮ ਜਗਿਆਸੂਆਂ ਦੀਆਂ ਰੂਹਾਂ ਨੂੰ ਟੁੰਬ ਕੇ ਚੁਪ-ਚੁਪੀਤੇ ਹੀ, ਉਨ੍ਹਾਂ ਦਾ ਜੀਵਨ ਬਦਲ ਸਕਦੀਆਂ ਹਨ।

ਇਹੀ ਅਸੂਲ ਮਹਾਂ-ਪੁਰਖਾਂ ਦੀਆਂ 'ਲੇਖਣੀਆਂ' ਤੇ ਭੀ ਘਟਦਾ ਹੈ, ਜੋ ਕਿ ਉਨ੍ਹਾਂ ਦੇ ਆਤਮਿਕ ਗਿਆਨ ਤੇ ਦ੍ਰਿੜ੍ਹ ਸ਼ਰਧਾ ਤੋਂ ਪ੍ਰਗਟ ਹੁੰਦੀਆਂ ਹਨ। ਇਹ 'ਲੇਖਣੀਆਂ' ਆਤਮਿਕ ਮੰਡਲ ਦੇ ਅਨੁਭਵ ਦਾ 'ਪ੍ਰਕਾਸ਼' ਹੁੰਦੀਆਂ ਹਨ

ਤੇ ਸਦਾ ਹੀ ਨਿਰੋਲ, ਨਿਰਮਲ, ਸੱਜਰੀਆਂ, ਇਲਾਹੀ ਕਿਰਨਾਂ ਹੋਣ ਕਾਰਣ, ਹੋਰਨਾਂ ਰੂਹਾਂ ਨੂੰ ਟੁੰਬਣ ਤੇ ਆਤਮਿਕ ਚਿੰਣਗ ਨਾਲ ਜਗਾਉਣ ਦੀ ਸ਼ਕਤੀ ਰਖਦੀਆਂ ਹਨ।

ਜੇਕਰ ਸ਼ਕਤੀਸ਼ਾਲੀ ਮਨ, ਸਾਧਾਰਨ ਮਨਾਂ ਦੇ ਦਿਮਾਗੀ ਵਲਵਲਿਆਂ ਦੇ ਦਰਜੇ (*level*) ਤੇ ਇਤਨਾ ਅਸਰ ਪਾ ਸਕਦਾ ਹੈ, ਤਾਂ ਬਖਸ਼ੇ ਹੋਏ, ਆਤਮਿਕ ਜੀਵਨ ਵਾਲੇ, ਮਹਾਂ ਪੁਰਖਾਂ ਦੇ ਇਲਾਹੀ ਪ੍ਰਕਾਸ਼ ਦੀਆਂ 'ਕਿਰਨਾਂ'—ਉਤਮ ਜਗਿਆਸੂਆਂ ਦੀਆਂ ਰੂਹਾਂ ਨੂੰ 'ਟੁੰਬ' ਕੇ, 'ਜਗਾ' ਕੇ 'ਆਤਮਿਕ ਛੋਹ' ਦੁਆਰਾ, ਇਲਾਹੀ 'ਪ੍ਰਕਾਸ਼ ਮੰਡਲ' ਵਿਚ ਪਹੁੰਚਾਉਣ ਦੀ ਭੀ ਸ਼ਕਤੀ ਰਖਦੀਆਂ ਹਨ।

ਜੇਕਰ 'ਲੇਜ਼ਰ ਰੇਜ਼' (*laser rays*) ਯਾ ਰੇਡੀਓ-ਧਰਮੀ ਕਿਰਨਾਂ ਧਾਤ ਦੀਆਂ ਮੋਟੀਆਂ ਚਾਦਰਾਂ ਨੂੰ ਵਿੰਨ੍ਹ ਸਕਦੀਆਂ ਹਨ, ਤਾਂ ਬਖਸ਼ੇ ਹੋਏ ਮਹਾਂ ਪੁਰਖ ਵਿਚੋਂ ਨਿਕਲੀਆਂ ਤੀਖਣ ਆਤਮਿਕ-ਕਿਰਨਾਂ ਭੀ ਮਾਇਆ ਦੇ ਮੋਟੇ ਤੇ ਸਬੱਲ ਮਾਨਸਿਕ 'ਛੌੜ', ਜਾਂ ਭਰਮ ਦੇ ਕਾਲੇ ਬੋਲੇ ਬੱਦਲ, ਚੀਰ ਕੇ, ਜੀਵ ਦੀ ਆਤਮਾ ਨੂੰ ਜਾ ਛੂੰਹਦੀਆਂ ਹਨ ਤੇ ਆਤਮਿਕ ਮੰਡਲ ਦੀ ਪ੍ਰਕਾਸ਼-ਮਈ ਹਜ਼ੂਰੀ ਵਿਚ ਪਹੁੰਚਾ ਸਕਦੀਆਂ ਹਨ।

ਇਸ ਤਰ੍ਹਾਂ ਆਤਮਿਕ ਜੀਵਨ ਤੋਂ ਉਪਜਿਆਂ ਕਿਰਨਾਂ, ਉਤਮ-ਜਗਿਆਸੂ ਦੀ ਰੂਹ ਨੂੰ ਚੁਪ-ਚੁਪੀਤੇ ਹੀ ਬਦਲ ਦਿੰਦੀਆਂ ਹਨ ਤੇ ਉਨ੍ਹਾਂ ਦਾ 'ਨਵਾਂ ਜੀਵਨ' ਬਣ ਜਾਂਦਾ ਹੈ।

'ਆਤਮਿਕ ਮੰਡਲ' ਵਿਚ ਦਾਖਲ ਵਿਚ ਹੋਣ ਲਈ ਇਹ ਉੱਚੀ-ਸੁੱਚੀ ਤੇ ਸੌਖੀ ਜੁਗਤ ਹੈ। ਪਰ ਉਚੇ ਸੁੱਚੇ ਆਤਮਿਕ ਜੀਵਨ ਵਾਲੇ, ਬਖਸ਼ੇ ਹੋਏ ਮਹਾਂ ਪੁਰਖ, ਵਿਰਲੇ ਹਨ ਤੇ ਉਨ੍ਹਾਂ ਦੀ ਪਹਿਚਾਣ ਤੇ ਮੇਲ ਜਾਂ ਸੰਗਤ, ਭਾਗਾਂ ਵਾਲੀਆਂ ਰੂਹਾਂ ਨੂੰ ਹੀ ਪ੍ਰਾਪਤ ਹੁੰਦੀ ਹੈ—

ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ ॥
ਮਿਟਿਓ ਅੰਧੇਰੁ ਮਿਲਤ ਹਰਿ ਨਾਨਕ ਜਨਮ ਜਨਮ ਕੀ ਸੋਈ ਜਾਗੀ ॥

(ਪੰਨਾ–204)

ਜੇ ਵਡ ਭਾਗ ਹੋਵਹਿ ਵਡ ਮੇਰੇ ਜਨ ਮਿਲਦਿਆ ਢਿਲ ਨ ਲਾਈਐ ॥

(ਪੰਨਾ–881)

ਵਡਭਾਗਿ ਪਾਇਆ ਗੁਰਿ ਮਿਲਾਇਆ ਸਾਧ ਕੈ ਸਤਸੰਗੀਆ ॥

(ਪੰਨਾ–704)

ਅਮਲ ਵਿਚ ਆਤਮਿਕ ਮੰਡਲ ਅੰਦਰ, ਇਹ ਇਲਾਹੀ 'ਵਣਜ', 'ਲੇਵਾ–ਦੇਵੀ' ਸਤਿਗੁਰੂ, ਆਪ ਹੀ, ਆਪਣੀ ਮੌਜ ਵਿਚ, ਦੋਹੀਂ ਪਾਸੀਂ, ਆਪੇ ਹੀ ਕਰਦਾ ਕਰਾਉਂਦਾ ਹੈ—

ਆਪੇ ਸਾਜੇ ਆਪੇ ਰੰਗੇ ਆਪੇ ਨਦਰਿ ਕਰੇਇ ॥ (ਪੰਨਾ–722)

ਇਸ ਇਲਾਹੀ ਮੰਡਲ ਦੇ ਵਧਾਰ ਵਿਚ "ਟੋਟਾ ਮੂਲ ਨਾ ਹੋਵਈ", ਤੇ 'ਸਦਾ ਲਾਭ' ਹੀ ਹੁੰਦਾ ਹੈ, ਕਿਉਂਕਿ "ਸੱਚ" ਦੀ 'ਇਕਤ ਹਟ' ਹੈ। ਤੇ 'ਸੱਚ' ਦੇ 'ਇਕ–ਭਾਂਤੀ' ਵਾਪਾਰੀ ਆਉਂਦੀ ਹਨ, 'ਹਰਿ ਨਾਮ ਦਾ ਲਾਹਾ' ਲੈ ਜਾਂਦੇ ਹਨ—

ਸੰਤਨ ਸਿਉ ਮੇਰੀ ਲੇਵਾ ਦੇਵੀ ਸੰਤਨ ਸਿਉ ਬਿਉਹਾਰਾ ॥
ਸੰਤਨ ਸਿਉ ਹਮ ਲਾਹਾ ਖਾਟਿਆ ਹਰਿ ਭਗਤਿ ਭਰੇ ਭੰਡਾਰਾ ॥
ਸੰਤਨ ਮੋਕਉ ਪੂੰਜੀ ਸਉਪੀ ਤਉ ਉਤਰਿਆ ਮਨ ਕਾ ਧੋਖਾ ।

(ਪੰਨਾ–614)

ਵਣਜੁ ਕਰਹੁ ਵਦਜਾਰਿਹੋ ਵਖਰੁ ਲੇਹੁ ਸਮਾਲਿ ॥
ਤੈਸੀ ਵਸਤੁ ਵਿਸਾਹੀਐ ਜੈਸੀ ਨਿਬਹੈ ਨਾਲਿ ॥ (ਪੰਨਾ–22)

ਆਤਮਿਕ ਮੰਡਲ ਦੇ ਇਸ 'ਇਲਾਹੀ ਵਪਾਰ' ਵਿਚ—

ਅਨੂਪ ਵਸਤੂ
ਪ੍ਰੇਮ ਭਾਵਨਾ
ਪ੍ਰੇਮ ਸਵੈਪਨਾ

ਪ੍ਰੀਤ ਖਿੱਚ

ਪ੍ਰੇਮ-ਪਿਆਲਾ

ਹਰਿ ਰਸ

ਹਰਿ ਰੰਗ

ਭਗਤ-ਭੰਡਾਰ

ਸਿਫ਼ਤ ਸਲਾਹ

ਸ਼ਬਦ

ਨਾਮ-ਧਨ

ਆਦਿ, ਅਨੇਕ ਅਸਚਰਜ ਇਲਾਹੀ 'ਵਖਰੁ', 'ਸਾਰ ਸਵਤੂਆਂ', ਦਾ 'ਵਣਜ', ਵਾਪਾਰ 'ਲੇਵਾ-ਦੇਵੀ' ਹੁੰਦੀ ਹੈ।

ਇਹ ਆਤਮਿਕ ਮੰਡਲ ਦੀਆਂ 'ਅਨੂਪ ਤੇ ਅਸਚਰਜ' ਵਸਤੂਆਂ ਦਾ ਵਣਜ-ਵਾਪਾਰ ਸਿਰਫ਼ ਇਲਾਹੀ ਵਣਜਾਰਿਆਂ ਗੁਰਮੁਖ ਪਿਆਰਿਆਂ, ਦੇ ਵਿਚਕਾਰ ਹੀ, ਹੋ ਸਕਦਾ ਹੈ। ਅੰਮ੍ਰਿਤ ਛਕਾਉਣਾ ਇਸੇ ਗੁਝੀ ਇਲਾਹੀ ਰਾਸ ਦੇ ਵਾਪਾਰ, ਵਣਜ, 'ਖਮੀਰ' ਦਾ ਪ੍ਰਤੀਕ ਤੇ ਪ੍ਰਗਟਾਵਾ ਹੈ। ਇਥੇ ਮਾਇਕੀ ਮੰਡਲ ਦੇ ਦਿਮਾਗੀ ਗਿਆਨ ਦੀ ਪਹੁੰਚ ਨਹੀਂ, ਕਿਉਂਕਿ ਮਾਇਕੀ ਮੰਡਲ ਦੇ ਦਿਮਾਗੀ ਗਿਆਨ, ਉਕਤੀਆਂ, ਜੁਗਤੀਆਂ, ਸਿਆਣਪਾਂ ਦੇ 'ਖੰਭ', ਆਤਮਿਕ ਮੰਡਲ ਦੀ 'ਇਲਾਹੀ ਲਿਸ਼ਕ', 'ਕਿਰਨ', ਨਾਲ ਸੜ ਜਾਂਦੇ ਹਨ। ਇਸੇ ਕਰਕੇ ਗੁਰਬਾਣੀ ਵਿਚ ਹੁਕਮ ਹੈ—

"ਵਣਜਾਰਿਆ ਸਿਉ ਵਣਜੁ ਕਰਿ, ਲੈ ਲਾਹਾ ਮਨੁ ਹਸੁ ॥"

(ਪੰਨਾ-595)

ਜਿਸ ਸੰਗਤ ਵਿਚ ਏਹੋ ਜਿਹੀ—

ਸਾਰ ਵਸਤੂ

ਅਨੂਪ ਵਸਤੂ

ਸੱਚ-ਵਸਤ

ਭਗਤ-ਭੰਡਾਰ

ਪ੍ਰਿਮ-ਰਸ

ਦਾ ਵਪਾਰ, ਵਣਜ ਹੋਵੈ, ਉਸ ਨੂੰ 'ਸਾਧ ਸੰਗਤ' ਜਾਂ 'ਸਤ ਸੰਗਤ' ਕਿਹਾ ਜਾ ਸਕਦਾ ਹੈ।

ਗੁਰਬਾਣੀ ਵਿਚ ਐਸੀ ਸੰਗਤ ਦੀ ਵਡਿਆਈ ਤੇ ਪ੍ਰੇਰਨ ਕੀਤੀ ਗਈ ਹੈ—

ਸਤਸੰਗਤਿ ਕੈਸੀ ਜਾਣੀਐ ॥ ਜਿਥੈ ਏਕੋ ਨਾਮੁ ਵਖਾਣੀਐ ॥

(ਪੰਨਾ–72)

ਜੇ ਲੋੜਹਿ ਸਦਾ ਭਾਈ ॥ ਸਾਧੂ ਸੰਗਤਿ ਗੁਰਹਿ ਬਤਾਈ ॥
ਊਹਾ ਜਪੀਐ ਕੇਵਲ ਨਾਮ ॥ ਸਾਧੂ ਸੰਗਤਿ ਪਾਰਗਰਾਮ ।

(ਪੰਨਾ–1182)

ਮਿਲਿ ਸਤਸੰਗਤਿ ਪਰਮ ਪਦ ਪਾਇਆ ਕਢਿ ਮਾਖਣ ਕੇ ਗਟਕਾਰੇ ॥

(ਪੰਨਾ–982)

ਸਤਸੰਗਤਿ ਪ੍ਰੀਤਿ ਸਾਧ ਅਤਿ ਗੂੜੀ ਜਿਉ ਰੰਗੁ ਮਜੀਠ ਬਹੁ ਲਾਗਾ ॥

(ਪੰਨਾ–985)

ਮਿਲਿ ਸੰਗਤਿ ਸਰਧਾ ਊਪਜੈ ਗੁਰ ਸਬਦੀ ਹਰਿ ਰਸੁ ਚਾਖੁ ॥

(ਪੰਨਾ–997)

ਸਾਧਸੰਗਿ ਵਿਰਲਾ ਕੋ ਪਾਏ ॥ ਨਾਨਕੁ ਤਾ ਕੈ ਬਲਿ ਬਲਿ ਜਾਏ ॥

(ਪੰਨਾ–1004)

ਸਤਸੰਗਤਿ ਮਹਿ ਨਾਮੁ ਨਿਰਮੋਲਕੁ ਵਡੈ ਭਾਗਿ ਪਾਇਟਾ ਜਾਈ ॥

(ਪੰਨਾ–909)

ਮਨੁ ਅਸਮਝੁ ਸਾਧਸੰਗਿ ਪਤੀਆਨਾ ॥ ਡੋਲਨ ਤੇ ਚੂਕਾ ਠਹਰਾਇਆ॥

(ਪੰਨਾ–890)

ਸਦਾ ਸਦਾ ਸੰਤਹ ਸੰਗਿ ਰਾਖਹੁ ਏਹੁ ਨਾਮ ਦਾਨੁ ਦੇਵਾਇਣਾ ॥
(ਪੰਨਾ-1078)

ਸਾਧਸੰਗਤਿ ਕੈ ਆਸਰੈ ਪ੍ਰਭ ਸਿਉ ਰੰਗੁ ਲਾਏ ॥ (ਪੰਨਾ-966)

ਕਹੁ ਨਾਨਕ ਜਉ ਸਾਧਸੰਗਿ ਪਾਇਆ ॥
ਬੂਝੀ ਤ੍ਰਿਸਨਾ ਮਹਾ ਸੀਤਲਾਇਆ ॥ (ਪੰਨਾ-913)

ਸਤਸੰਗਤਿ ਮਹਿ ਮਹਿ ਹਰਿ ਹਰਿ ਵਸਿਆ ਮਿਲਿ ਸੰਗਤਿ ਹਰਿ ਗੁਨ ਜਾਨ ॥
(ਪੰਨਾ-1335)

ਆਵਹੁ ਸੰਤ ਮਿਲਹੁ ਮੇਰੇ ਭਾਈ ਮਿਲਿ ਹਰਿ ਹਰਿ ਨਾਮੁ ਵਖਾਨ ॥
(ਪੰਨਾ-1335)

ਸਾਧਸੰਗਤਿ ਮਿਲਿ ਹਰਿ ਰਸੁ ਪਾਇਆ ॥
ਪਾਰਬ੍ਰਹਮ ਰਿਦ ਮਾਹਿ ਸਮਾਇਆ ॥ (ਪੰਨਾ-1348)

ਸਾਧਸੰਗਤਿ ਨਿਹਚਉ ਹੈ ਤਰਣਾ ॥
ਸਾਧਸੰਗਤਿ ਬਿਨੁ ਤਰਿਓ ਨ ਕੋਇ ॥ (ਪੰਨਾ-373)

ਇਨ੍ਹਾ ਸਾਰਿਆਂ ਲੇਖਾਂ ਦਾ ਨਿਚੋੜ (*essence*) ਇਹ ਹੈ ਕਿ ਪ੍ਰੇਮ-ਪੁਰਖ, ਅਕਾਲ-ਪੁਰਖ ਨੇ, ਜੀਵ ਨੂੰ ਹਰ ਅਵਸਥਾ ਵਿਚ, ਆਪਣੇ ਇਲਾਹੀ ਪਿਆਰ ਦੀ ਡੋਰੀ ਅਥਵਾ 'ਨਾਮ' ਵਿਚ ਪਰੋਤਾ ਹੋਇਆ ਹੈ ਅਤੇ ਆਪਣੇ 'ਹੁਕਮ' ਦੀ 'ਡੋਰੀ' ਨੂੰ ਆਪਣੀ 'ਪ੍ਰੇਮ- ਖਿੱਚ' ਨਾਲ ਤਣੀ ਰਖਦਾ ਹੈ ਅਤੇ ਆਪ ਹੀ ਮਿਹਰ, ਬਖਸ਼ਿਸ਼, ਗੁਰ ਪ੍ਰਸਾਦਿ ਦੇ ਤੁਣਕੇ ਮਾਰਦਾ ਰਹਿੰਦਾ ਹੈ।

ਤੋਰੀ ਨ ਤੂਟੈ ਛੋਰੀ ਨ ਛੂਟੈ ਐਸੀ ਮਾਧੋ ਖਿੰਚ ਤਨੀ ॥ (ਪੰਨਾ-827)

ਇਸ ਤਰ੍ਹਾਂ ਸਾਰੇ ਧਰਮ, ਧਰਮਾਂ ਦਾ ਪ੍ਰਚਾਰ ਅਤੇ ਉਨ੍ਹਾਂ ਦੇ ਸਾਧਨ, ਇਸੇ ਇਲਾਹੀ 'ਪ੍ਰੇਮ-ਡੋਰੀ' ਦੀ 'ਖਿੱਚ' ਦੇ ਹੀ —

ਪ੍ਰਤੀਕ ਹਨ
ਪ੍ਰਕਾਸ਼ ਹਨ
ਪ੍ਰਗਟਾਵੇ ਹਨ

ਪੂਰਨਤਾ ਹਨ।

(ਚਲਦਾ)

ਸਤਸੰਗਤਿ ਪ੍ਰੀਤਿ ਸਾਧ ਅਤਿ ਗੂੜੀ ਜਿਉ ਰੰਗੁ ਮਜੀਠ ਬਹੁ ਲਾਗਾ ॥
(ਪੰਨਾ–985)

ਮਿਲਿ ਸੰਗਤਿ ਸਰਧਾ ਊਪਜੈ ਗੁਰ ਸਬਦੀ ਹਰਿ ਰਸੁ ਚਾਖੁ ॥
(ਪੰਨਾ–997)

ਸਾਧਸੰਗਿ ਵਿਰਲਾ ਕੋ ਪਾਏ ॥ ਨਾਨਕੁ ਤਾ ਕੈ ਬਲਿ ਬਲਿ ਜਾਏ ॥
(ਪੰਨਾ–1004)

ਸਤਸੰਗਤਿ ਮਹਿ ਨਾਮੁ ਨਿਰਮੋਲਕੁ ਵਡੈ ਭਾਗਿ ਪਾਇਆ ਜਾਈ ॥
(ਪੰਨਾ–909)

ਮਨੁ ਅਸਮਝੁ ਸਾਧਸੰਗਿ ਪਤੀਆਨਾ ॥ ਡੋਲਨ ਤੇ ਚੂਕਾ ਠਹਰਾਇਆ॥
(ਪੰਨਾ–890)

ਸਦਾ ਸਦਾ ਸੰਤਹ ਸੰਗਿ ਰਾਖਹੁ ਏਹੁ ਨਾਮ ਦਾਨੁ ਦੇਵਾਇਣਾ ॥
(ਪੰਨਾ–1078)

ਸਾਧਸੰਗਤਿ ਕੈ ਆਸਰੈ ਪ੍ਰਭ ਸਿਉ ਰੰਗੁ ਲਾਏ ॥ (ਪੰਨਾ–966)

ਕਹੁ ਨਾਨਕ ਜਉ ਸਾਧਸੰਗੁ ਪਾਇਆ ॥
ਬੂਝੀ ਤ੍ਰਿਸਨਾ ਮਹਾ ਸੀਤਲਾਇਆ ॥ (ਪੰਨਾ–913)

ਸਤਸੰਗਤਿ ਮਹਿ ਹਰਿ ਹਰਿ ਵਸਿਆ ਮਿਲਿ ਸੰਗਤਿ ਹਰਿ ਗੁਨ ਜਾਨ ॥
(ਪੰਨਾ–1335)

ਆਵਹੁ ਸੰਤ ਮਿਲਹੁ ਮੇਰੇ ਭਾਈ ਮਿਲਿ ਹਰਿ ਹਰਿ ਨਾਮੁ ਵਖਾਨ ॥
(ਪੰਨਾ–1335)

ਸਾਧਸੰਗਤਿ ਮਿਲਿ ਹਰਿ ਰਸੁ ਪਾਇਆ ॥
ਪਾਰਬ੍ਰਹਮੁ ਰਿਦ ਮਾਹਿ ਸਮਾਇਆ ॥ (ਪੰਨਾ–1348)

ਸਾਧਸੰਗਤਿ ਨਿਹਚਉ ਹੈ ਤਰਣਾ ॥ (ਪੰਨਾ–1071)

ਸਾਧਸੰਗਤਿ ਬਿਨੁ ਤਰਿਓ ਨ ਕੋਇ ॥ (ਪੰਨਾ–373)

ਇਨ੍ਹਾ ਸਾਰਿਆਂ ਲੇਖਾਂ ਦਾ ਨਿਚੋੜ (*essence*) ਇਹ ਹੈ ਕਿ ਪ੍ਰੇਮ–ਪੁਰਖ, ਅਕਾਲ–ਪੁਰਖ ਨੇ, ਜੀਵ ਨੂੰ ਹਰ ਅਵਸਥਾ ਵਿਚ, ਆਪਣੇ ਇਲਾਹੀ

ਪਿਆਰ ਦੀ ਡੋਰੀ ਅਥਵਾ 'ਨਾਮ' ਵਿਚ ਪਰੋਤਾ ਹੋਇਆ ਹੈ ਅਤੇ ਆਪਣੇ 'ਹੁਕਮ' ਦੀ 'ਡੋਰੀ' ਨੂੰ ਆਪਣੀ 'ਪ੍ਰੇਮ- ਖਿੱਚ' ਨਾਲ ਤਣੀ ਰਖਦਾ ਹੈ ਅਤੇ ਆਪ ਹੀ ਮਿਹਰ, ਬਖਸ਼ਿਸ਼, ਗੁਰ ਪ੍ਰਸਾਦਿ ਦੇ ਤੁਣਕੇ ਮਾਰਦਾ ਰਹਿੰਦਾ ਹੈ।

ਤੋਰੀ ਨ ਤੂਟੈ ਛੋਰੀ ਨ ਛੂਟੈ ਐਸੀ ਮਾਧੋ ਖਿੰਚ ਤਨੀ ॥ (ਪੰਨਾ–827)

ਇਸ ਤਰ੍ਹਾਂ ਸਾਰੇ ਧਰਮ, ਧਰਮਾਂ ਦਾ ਪ੍ਰਚਾਰ ਅਤੇ ਉਨ੍ਹਾਂ ਦੇ ਸਾਧਨ, ਇਸੇ ਇਲਾਹੀ 'ਪ੍ਰੇਮ–ਡੋਰੀ' ਦੀ 'ਖਿੱਚ' ਦੇ ਹੀ —

ਪ੍ਰਤੀਕ ਹਨ
ਪ੍ਰਕਾਸ਼ ਹਨ
ਪ੍ਰਗਟਾਵੇ ਹਨ
ਪੂਰਨਤਾ ਹਨ।

(ਚਲਦਾ)